# ਪਬਲਿਕ ਨੋਟਿਸ

6060 ਦੀ ਭਰਤੀ ਅਧੀਨ, ਵਿਦਿਆਰਥੀਆਂ ਦੀ ਪੜ੍ਹਾਈ ਦੇ ਮੱਦੇਨਜ਼ਰ, ਵਿਸ਼ਾਵਾਰ ਰਹਿੰਦੀ ਤੀਜੀ ਅਤੇ ਆਖਰੀ ਉਡੀਕ ਸੂਚੀ ਵਿੱਚ, ਯੋਗ ਪਾਏ ਗਏ ਉਮੀਦਵਾਰਾਂ ਦੀ ਉਡੀਕ ਸੂਚੀ ਭਾਗ-1 ਅਤੇ ਭਾਗ -2 ਵਿਭਾਗੀ ਵੈੱਬਸਾਇਟ www.ssapunjab.org ਅਤੇ www.educationrecruitmentboard.com ਤੇ ਮਿਤੀ 1-9-2017 ਅਤੇ 4-9-2017 ਨੂੰ ਅਪਲੋਡ ਕੀਤੀ ਗਈ ਸੀ।

ਯੋਗ ਪਾਏ ਗਏ ਉਮੀਦਵਾਰਾਂ ਨੂੰ ਨਿਯੁਕਤੀ ਦੀ ਪੇਸ਼ਕਸ਼ (Offer of Appointment) ਦੇ ਪੱਤਰ ਮਿਤੀ 05-09-2017 ਨੂੰ ਮਲਟੀਪਰਪਜ਼ ਖੇਡ ਸਟੇਡੀਅਮ, ਸੈਕਟਰ-78 ਸੋਹਾਣਾ (ਐਸ.ਏ.ਐਸ. ਨਗਰ) ਵਿਖੇ ਦੇਣ ਲਈ ਬੁਲਾਇਆ ਗਿਆ ਸੀ, ਇਸ ਮਿਤੀ ਨੂੰ ਕੁਝ ਉਮੀਦਵਾਰ ਪੇਸ਼ਕਸ਼ ਪੱਤਰ ਪ੍ਰਾਪਤ ਕਰਨ ਲਈ ਹਾਜ਼ਰ ਨਹੀਂ ਹੋਏ।

ਇਸ ਲਈ ਹਮਦਰਦੀ ਦਾ ਰਵਈਆ ਅਪਨਾਉਂਦੇ ਹੋਏ , ਉਪਰੋਕਤ ਮਿਤੀਆਂ ਨੂੰ ਅਪਲੋਡ ਕੀਤੀਆਂ ਗਈਆਂ ਉਡੀਕ ਸੂਚੀਆਂ ਭਾਗ-1 ਅਤੇ ਭਾਗ-2 ਵਿਚ ਦਰਜ਼ , ਉਹ ਉਮੀਦਵਾਰ ਜੋ ਪੇਸ਼ਕਸ਼ ਪੱਤਰ ਲੈਣ ਤੋਂ ਰਹਿ ਗਏ ਹਨ, ਉਹ ਉਮੀਦਵਾਰ ਆਪਣੇ ਨਾਲ ਆਪਣਾ ਆਨਲਾਈਨ ਅਪਲਾਈ ਕਰਨ ਦਾ ਸਬੂਤ, ਜਿਸ ਵਿੱਚ ਰਜਿਸਟ੍ਰੇਸ਼ਨ ਨੰਬਰ ਦਰਜ਼ ਹੋਵੇ ਅਤੇ ਫੋਟੋ ਪਹਿਚਾਣ ਪੱਤਰ ਲੈ ਕੇ , ਮਿਤੀ 8-9-2017 (ਦੁਪਹਿਰ 3 ਵਜੇ ਤੋਂ ਪਹਿਲਾਂ) ਤੱਕ ਇਸ ਦਫਤਰ ਦੀ ਅਮਲਾ-2 ਸ਼ਾਖਾ ਵਿਚ, ਹਾਜ਼ਰ ਹੋਕੇ, ਆਪਣਾ ਪੇਸ਼ਕਸ਼ ਪੱਤਰ ਪ੍ਰਾਪਤ ਕਰ ਸਕਦੇ ਹਨ। ਇਸ ਉਪਰੰਤ ਹੋਰ ਮੌਕਾ ਨਹੀਂ ਦਿੱਤਾ ਜਾਵੇਗਾ।

ਇਥੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਇਹ ਭਰਤੀ ਪ੍ਰਕਿਰਿਆ ਦਾ ਆਖਰੀ ਮੌਕਾ ਹੈ।

(ਲਲਿਤ ਕਿਸ਼ੋਰ ਘਈ)
ਸਹਾਇਕ ਡਾਇਰੈਕਟਰ (ਸ:ਪ੍ਰ:2)

ਨੰ: 15/641-17 ਅਮਲਾ-2(5)
ਮਿਤੀ : 6-9-2017